# ਮੂਲ-ਮੰਤ੍ਰ ਵਿਚ ਆਦਰਸ਼ ਮਨੁੱਖ ਦੇ ਹਲੇਮੀ-ਰਾਜ ਦਾ ਸੰਕਲਪ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਗੁਰੂ ਨਾਨਕ ਦੇਵ ਜੀ ਨੂੰ ਪਾਰਬ੍ਰਹਮ ਦੇ ਪ੍ਰਤੱਖ ਦਰਸ਼ਨ ਹੋਣ ਉਪ੍ਰੰਤ ਮੂਲ-ਮੰਤ੍ਰ ਦੀ ਪ੍ਰਾਪਤੀ ਹੋਈ ਹੋਣ ਕਰਕੇ ਇਹ ਆਤਮਾ ਨੂੰ ਪ੍ਰਮਾਤਮਾ ਨਾਲ ਜੋੜ ਦੇਣ ਦੇ ਸਮਰੱਥ ਹੈ।ਇਹ ਸੰਸਾਰ ਇਕ ਅਖਾੜਾ ਹੈ, ਜਿਸ ਵਿਚ ਆਦਰਸ਼ ਮਨੁੱਖ ਨੇ ਮੰਦ ਵਾਸ਼ਨਾਵਾਂ ਨੂੰ ਕਾਬੂ ਕਰਕੇ ਨਿਗਰ ਨਿਰੋਏ ਸਮਾਜ ਦੀ ਸਥਾਪਨਾ ਕਰਨੀ ਹੈ।ਜਦੋਂ ਗੁਰੂ ਜੀ ਨੇ ਸਾਨੂੰ ਮੂਲ-ਮੰਤ੍ਰ ਦੀ ਅਮੋਲ ਦਾਤ ਬਖਸ਼ਿਸ਼ ਕੀਤੀ ਉਹ ਸਮਾਂ ਸਿੱਧਾਂ, ਨਾਥਾਂ, ਸ਼ੈਵਾਂ, ਸ਼ਾਕਤਾਂ, ਵੈਸ਼ਨਵਾਂ, ਵੇਦਾਂਤੀ ਕਰਮਕਾਂਡੀਆਂ ਆਦਿ ਦੇ ਵਾਦਾਂ-ਵਿਵਾਦਾਂ ਦਾ ਇਤਿਹਾਸ ਹੈ।ਉਸ ਸਮੇਂ ਦੇ ਰਾਜਸੀ, ਧਾਰਮਿਕ ਤੇ ਸਮਾਜਿਕ ਗਿਰਾਵਟ ਦੇ ਕਈ ਸ਼ਬਦ ਗੁਰੂ ਜੀ ਦੀ ਬਾਣੀ ਵਿਚ ਅੰਕਿਤ ਹਨ।ਗੁਰਬਾਣੀ ਅਨੁਸਾਰ ਉਸ ਸਮੇਂ ਸਮਾਜ ਵਿਚ ਲਾਲਚ, ਕਾਮ, ਅਗਿਆਨਤਾ ਅਤੇ ਕੂੜ ਪ੍ਰਧਾਨ ਸੀ ਅਤੇ ਆਮ ਜਨਤਾ ਮੁਰਦੇਹਾਣੀ ਜੀਵਨ-ਜਿਊਂ ਰਹੀ ਸੀ (ਲਬ ਪਾਪੁ ਦੁਇ ਰਾਜਾ ਮਹਿਤਾ..ਪੰ:468)।ਧਾੜਵੀ ਰਾਜੇ ਕਸਾਈ ਬਣ ਚੁੱਕੇ ਸਨ ਅਤੇ ਧਰਮ, ਸੱਚ, ਨਿਆਂ ਖੰਭ ਲਾਕੇ ਉਡ ਗਿਆ ਸੀ (ਕਲਿ ਕਾਤੀ ਰਾਜੇ ਕਸਾਈ..ਪੰ:145)।ਧਰਮ ਅਤੇ ਸਮਾਜ ਦੇ ਤਿੰਨ ਆਗੂ ਕਾਜ਼ੀ, ਬ੍ਰਾਹਮਣ ਤੇ ਯੋਗੀ ਸੱਚੀ-ਸੁੱਚੀ ਸੇਧ ਦੇਣ ਦੀ ਥਾਂ ਝੂਠ, ਵੱਢੀ ਅਤੇ ਕੁਕਰਮਾਂ ਰਾਹੀਂ ਇਸਦੀ ਬਰਬਾਦੀ ਤੇ ਤੁੱਲੇ ਹੋਏ ਸਨ (..ਤੀਨੈ ਉਜਾੜੇ ਕਾ ਬੰਧੁ॥ਪੰ:662)।ਮਾਲੀ ਤੌਰ ਤੇ ਵੀ ਰਾਜੇ ਅਤੇ ਅਹਿਲਕਾਰ ਸ਼ਿਕਾਰੀ ਕੁੱਤਿਆਂ ਦੀ ਤਰ੍ਹਾਂ ਗਰੀਬ ਜਨਤਾ ਦਾ ਸ਼ਿਕਾਰ ਕਰ ਰਹੇ ਸਨ (ਰਾਜੇ ਸ਼ੀਹ ਮੁਕਦਮ ਕੁਤੇ..ਪੰ:1288)।ਉਪਰੋਕਤ ਹਾਲਾਤ ਦੱਸਣ ਤੋਂ ਇਹ ਭਾਵ ਨਹੀਂ ਕਿ ਇਹ ਉਸ ਸਮੇਂ ਦੀ ਹੀ ਹਾਲਤ ਸੀ, ਬਲਕਿ ਇਸਨੂੰ ਇਸ ਤਰ੍ਹਾਂ ਸਮਝਣਾ ਚਾਹੀਦਾ ਹੈ ਕਿ ਜਦੋਂ ਕਦੇ ਅਤੇ ਜਿੱਥੇ ਕਿਤੇ ਵੀ ਮੂਲ-ਮੰਤ੍ਰ ਵਾਲਾ ਸੰਕਲਪ ਕਾਇਮ ਨਹੀਂ ਹੈ, ਉਥੇ ਇਹ ਹਾਲਤ ਬਣ ਜਾਂਦੀ ਹੈ। ਬ੍ਰਾਹਮਣਾ, ਸ਼ੂਦਰਾਂ, ਹਿੰਦੂਆਂ, ਮੁਸਲਮਾਨਾਂ ਦੇ ਆਪਸੀ ਪਾੜੇ ਅਤੇ ਵਾਦ-ਵਿਵਾਦ ਨੂੰ ਮੇਟਕੇ ਆਦਰਸ਼ਵਾਦੀ ਮਨੁੱਖ ਅਤੇ ਮਾਨਵਵਾਦੀ ਸਮਾਜ ਦੀ ਸਥਾਪਨਾ ਕੋਈ ਸੌਖਾ ਕੰਮ ਨਹੀਂ ਸੀ, ਜਿਸ ਦਾ ਆਰੰਭ ਗੁਰੂ ਜੀ ਕਰ ਰਹੇ ਸਨ।

ਅਜਿਹੇ ਸੰਕਟ-ਕਾਲ ਵਿਚ ਗੁਰੂ ਜੀ ਨੇ 'ਇਕ ਪ੍ਰਮਾਤਮਾ' (ੴ) ਦਾ ਅਜਿਹਾ ਸੰਕਲਪ ਦਿੱਤਾ, ਜੋ ਸਰਬ ਮਨੁੱਖਤਾ ਦਾ ਸਾਂਝਾ, ਸਭ ਨੂੰ ਪਿਆਰ ਕਰਨ ਵਾਲਾ ਨਿਰਭਉ ਨਿਰਵੈਰ ਰੱਬ ਸੀ।ਜਾਤਾਂ, ਵਰਣਾ, ਮਜ਼ਬੀ ਵਿਤਕਰਿਆਂ ਅਤੇ ਦੇਸਾਂ, ਭੇਸਾਂ ਦੇ ਵੈਰਾਂ ਵਿਚ ਵੰਡੀ ਮਨੁੱਖਤਾ ਨੂੰ ਪਿਆਰ ਭਾਵਨਾ ਵਿਚ ਇਕ ਥਾਂ ਇਕੱਠਾ ਕਰਨ ਲਈ ਪ੍ਰਮਾਤਮਾ ਦੇ ਅਜਿਹੇ ਸੰਕਲਪ ਦੀ ਲੋੜ ਸੀ, ਜੋ ਸਭ ਦਾ ਸਾਂਝਾ ਹੋਵੇ, ਅਤੇ ਜਿਸ ਤੋਂ ਮਨੁੱਖ ਨੂੰ ਏਕਤਾ, ਸਮਾਨਤਾ, ਸ਼ਾਂਤੀ, ਪ੍ਰੇਮ, ਢੋਈ ਮਿਲ ਸਕਦੀ ਹੋਵੇ।ਮੂਲ-ਮੰਤ੍ਰ ਦੀ ਵਿਚਾਰਧਾਰਾ ਵਿਚ ਇਕ ਐਸੇ ਆਦਰਸ਼ ਮਨੁੱਖ ਦਾ ਸੰਕਲਪ ਵਿਦਮਾਨ ਹੈ, ਜੋ ਆਪਣੇ ਇਸ਼ਟ-ਸਰੂਪ ਵਿਚ ਘੜਿਆ ਜਾਂਦਾ ਹੈ।ਉਸ ਮਨੁੱਖ ਦੀਆਂ ਸਰੀਰਕ, ਮਾਨਸਿਕ ਅਤੇ ਆਤਮਿਕ ਕ੍ਰਿਆਵਾਂ ਵਿਚ ਸੰਤੁਲਨ ਹੁੰਦਾ ਹੈ।ਐਸਾ ਆਦਰਸ਼ ਮਨੁੱਖ ਇਕ ਪਾਸੇ ਉਤਮ ਭਾਈਚਾਰੇ ਦਾ ਨਰੋਆ ਅੰਗ ਹੈ, ਦੂਜੇ ਪਾਸੇ ਉਹ ਆਤਮਿਕ ਪਉੜੀਆਂ ਚੜ੍ਹਦਾ 'ਇਕੀਸ' ਹੋਣ ਲਈ ਕ੍ਰਿਆਸ਼ੀਲ ਰਹਿੰਦਾ ਹੈ।ਗੁਰੂ ਗ੍ਰੰਥ ਸਾਹਿਬ ਵਿਚ ਐਸੇ ਆਦਰਸ਼ ਮਨੁੱਖ ਨੂੰ ਸਚਿਆਰਾ, ਪੰਚ, ਭਗਤ, ਜਨ, ਗੁਰਮੁਖ, ਦਾਸ, ਗਿਆਨੀ, ਬ੍ਰਹਮ-ਗਿਆਨੀ, ਨਰ, ਮੁਕਤ, ਜੀਵਨ-ਮੁਕਤ, ਸੱਚਾ-ਸਾਧੂ, ਸੱਚਾ ਯੋਗੀ ਆਦਿ ਕਈ ਸੰਕੇਤਾਂ ਨਾਲ ਸੰਬੋਧਿਤ ਕੀਤਾ ਗਿਆ ਹੈ, ਅਤੇ ਹਰ ਸੰਕੇਤ ਵਿਚ ਵਿਅਕਤ ਸ਼ਖਸੀਅਤ ਦਾ ਆਧਾਰ ਮੂਲ-ਮੰਤਰ ਦੀ ਵਿਚਾਰਧਾਰਾ ਹੈ।ਅਧਿਆਤਮਿਕ ਖੇਤਰ ਵਿਚ ੴ ਦੀ ਪ੍ਰਾਪਤੀ ਦਾ ਸਫਰ 'ਸਤਿ' ਦੀ ਪਹਿਚਾਣ ਤੋਂ ਸੁਰੂ ਹੋਕੇ 'ਗੁਰ ਪ੍ਰਸਾਦਿ' ਤੱਕ ਹੈ।'ਸਤਿ' ਦੀ ਪਹਿਚਾਣ ਅਤੇ ਪ੍ਰਾਪਤੀ ਰਾਹੀਂ 'ਸਚਿਆਰਾ' ਬਣਨ ਦਾ ਜਪੁਜੀ ਦਾ ਮੂਲ ਅਤੇ ਪ੍ਰਧਾਨ ਸੰਕਲਪ ਹੈ, ਜਿਸਨੂੰ ਜਪੁ ਦੀ ਪਹਿਲੀ ਪਉੜੀ ਵਿਚ ਪੇਸ਼ ਕੀਤਾ ਗਿਆ ਹੈ, ਪਰ ਮੰਜ਼ਿਲ ਦੀ ਪ੍ਰਾਪਤੀ ਇਥੇ ਵੀ 'ਗੁਰ ਪ੍ਰਸਾਦਿ' ਅਰਥਾਤ 'ਨਦਰੀ ਨਦਰ ਨਿਹਾਲ' ਰਾਹੀਂ ਦੱਸੀ ਗਈ ਹੈ।ਗੁਰੂ ਨਾਨਕ ਦਾ ਆਦਰਸ਼ ਮਨੁੱਖ, ਸਚਿਆਰਾ ਹੈ, ਜੋ ਸੱਚੇ ਅਮਲਾਂ ਦਾ ਧਾਰਨੀ, ਧਰਮੀ, ਸੰਤੋਖੀ, ਸੰਜਮੀ, ਪਵਿੱਤ੍ਰ, ਰਜ਼ਾਈ, ਹਉਮੈ-ਰਹਿਤ, ਵਿਚਾਰਵਾਨ, ਹੁਕਮੀ ਬੰਦਾ ਹੈ, ਜਿਸਦਾ ਕਿਰਦਾਰ ਸੱਚੀ-ਘਾੜਤ ਵਿਚ ਘੜਿਆ ਜਾਂਦਾ ਹੈ।ਜਪੁ ਦੀ ਆਖਰੀ ਪਉੜੀ ਅਨੁਸਾਰ ਜਤ, ਧੀਰਜ, ਸ੍ਰੇਸ਼ਟ ਬੁੱਧੀ, ਗਿਆਨ, ਭਉ, ਭਾਉ ਅਤੇ ਨਾਮ-ਅੰਮ੍ਰਿਤ ਇਸ ਘਾੜਤ ਦੇ ਮੁੱਖ ਅੰਗ ਹਨ।ਗੁਰੂ ਨਾਨਕ ਦਾ 'ਸਚਿਆਰਾ' ਅਤੇ 'ਪੰਚ' ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਸੱਚਾ ਆਸ਼ਕ, ਗੁਰੂ ਅਰਜਨ ਦੇਵ ਜੀ ਦੀ ਸੁਖਮਨੀ ਵਿਚ ਬ੍ਰਹਮ ਗਿਆਨੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਅਜਿਹਾ 'ਨਰ' ਹੈ ਜੋ ਦੁੱਖ-ਸੁੱਖ, ਉਸਤਤ-ਨਿੰਦਾ, ਮਾਨ-ਅਪਮਾਨ, ਹਰਖ-ਸੋਗ, ਕੰਚਨ-ਮਾਟੀ ਆਦਿ ਦਵੰਦਾਂ ਤੋਂ ਮੁਕਤ ਹੋਕੇ ਸਮਾਜ ਅਤੇ ਰਾਜ ਵਿਚ 'ਨਿਰਭਉ' ਅਤੇ 'ਨਿਰਵੈਰ' ਹੋਕੇ ਵਿਚਰਦਾ ਹੈ।ਗੁਰੂ ਗੋਬਿੰਦ ਸਿੰਘ ਕਾਲ ਵਿਚ ਉਸ 'ਸਚਿਆਰੇ' ਨੇ ਖਾਲਸੇ ਦਾ ਰੂਪ ਧਾਰਨ ਕੀਤਾ ਜੋ 'ਜਾਗਤਿ-ਜੋਤਿ' ਦਾ ਉਪਾਸ਼ਕ ਹੈ ਅਤੇ ਜਤਿ, ਜੋਗ, ਨੇਮ, ਗਿਆਨ, ਸ਼ੀਲ-ਸੰਤੋਖ ਦਾ ਧਾਰਨੀ ਹੈ।ਖਾਲਸੇ ਦੀ ਸਿਰਜਨਾ ਦਾ ਆਰੰਭ ਮੂਲ-ਮੰਤ੍ਰ ਤੋਂ ਹੋਇਆ ਜਿਸਦੇ ਇਸ਼ਟ-ਸਰੂਪ ਵਿਚ ਇਕ ਆਦਰਸ਼ ਮਨੁੱਖ ਦੀ ਕਲਪਨਾ ਕੀਤੀ ਗਈ ਸੀ।ੴ ਦੇ ਸੰਕਲਪ ਦਾ ਧਾਰਨੀ ਅਨੇਕ ਦੇਵੀ ਦੇਵਤਿਆਂ ਦੀ ਥਾਵੇਂ ਇਕ ਪ੍ਰਮਾਤਮਾ ਨੂੰ ਮੰਨਦਾ ਹੋਇਆ, ਕਿਸੇ ਹੋਰ ਸ਼ਕਤੀ ਵਿਚ ਵਿਸ਼ਵਾਸ਼ ਨਹੀਂ ਰੱਖਦਾ।ਇਕ ਪ੍ਰਮਾਤਮਾ ਦਾ ਭਾਵ ਬਹੁਤ ਸਾਰੀਆਂ ਸ਼ਕਤੀਆਂ ਦਾ ਕੁਲ ਜੋੜ ਨਹੀਂ, ਸਗੋਂ ਇਸਦਾ ਭਾਵ ਹੈ ਕਿ ਸਰਬ-ਸਮਰੱਥ ਪਾਰਬ੍ਰਹਮ ਇਕ ਹੈ, ਜਿਸ ਕਰਕੇ ਹੀ ਸਾਰੀਆਂ ਸ਼ਕਤੀਆਂ ਦੀ ਹੋਂਦ ਤੇ ਪ੍ਰਗਟਾਵਾ ਸੰਭਵ ਹੈ।ਇਸਦਾ ਮਤਲਬ ਹਿੰਦੂਆਂ ਦਾ ਈਸ਼ਵਰ ਵੱਖਰਾ ਨਹੀਂ, ਤੇ ਨਾਂ ਹੀ ਮੁਸਲਮਾਨਾਂ ਦਾ ਖੁਦਾ ਵੱਖਰਾ ਹੈ।ਉਹ ਇਕੋ ਹੀ ਸਭ ਦਾ ਕਰਤਾ ਹੋਣ ਕਰਕੇ ਸਭ ਜੀਆਂ ਪਿਆਰ ਕਰਦਾ ਹੈ, ਅਤੇ ਕਿਸੇ ਨਾਲ ਨਫਰਤ ਜਾਂ ਵੈਰ ਨਹੀਂ ਕਰਦਾ।ਜਾਤ, ਜਨਮ, ਨਸਲ, ਦੇਸ਼, ਧਰਮ, ਕੌਮ, ਰੰਗ ਅਤੇ ਧੰਨ ਦੇ ਆਧਾਰ ਉਤੇ ਪਾਈਆਂ ਵੰਡਾਂ ਇਕੀਸ਼ਵਰਵਾਦੀ ਧਾਰਾ ਦੇ ਵਿਰੁੱਧ ਹਨ।ਉਦਾਸੀ, ਸੰਨਿਆਸੀ, ਜੋਗੀ, ਹਿੰਦੂ, ਤੁਰਕ, ਜਤੀ, ਰਾਫਜੀ, ਸੂਫੀ ਓਪਰੀ ਨਜ਼ਰੇ ਬੇਸ਼ੱਕ ਅਲੱਗ ਦਿਸਦੇ ਹਨ, ਪਰ ਮੂਲ ਰੂਪ ਵਿਚ ਸਭ ਇਕ ਹਨ (ਮਾਨਸ ਕੀ ਜਾਤ ਸਭੇ ਏਕੈ ਪਹਿਚਾਨਬੋ)।ਪ੍ਰਮਾਤਮਾ ਦੀ ਏਕਤਾ ਦੇ ਸੰਕਲਪ ਨੇ ਹਿੰਦੂਆਂ ਅਤੇ ਮੁਸਲਮਾਨਾ ਵਿਚਲੇ ਕੱਟੜ ਵਿਰੋਧ ਨੂੰ ਘੱਟ ਕੀਤਾ।ਇਸ ਏਕਤਾ ਰਾਹੀਂ ਸਰਬ-ਮਨੁੱਖਤਾ ਨੂੰ ਏਕਤਾ ਅਤੇ ਬਰਾਬਰੀ ਦਾ ਸੰਦੇਸ਼ ਦਿੱਤਾ ਜਿਸ ਵਿਚ ਜ਼ਾਤ-ਪਾਤ, ਊਚ-ਨੀਚ, ਵਰਣ-ਆਸ਼ਰਮ ਦੇ ਆਧਾਰ ਤੇ ਕੋਈ ਛੋਟਾ ਵੱਡਾ

ਨਹੀਂ।ਨਾਂ ਹੀ ਇਸਤ੍ਰੀ ਜਾਤੀ ਗੁਲਾਮ ਅਤੇ ਨੀਵੀਂ ਕੁਲ ਦੀ ਹੈ, ਨਾਂ ਹੀ ਸ਼ੂਦਰ ਤ੍ਰਿਸਕਾਰ ਦਾ ਪਾਤ੍ਰ ਹੈ।ਗੁਰੂ ਜੀ ਨੇ ਆਪਣੀਆਂ ਉਦਾਸੀਆਂ ਵਿਚ ਅਤੇ ਕਰਤਾਰਪੁਰ ਦੀ ਧਰਤੀ ਉਤੇ ਇਸ ਸੰਕਲਪ ਨੂੰ ਅਮਲੀ ਰੂਪ ਵਿਚ ਢਾਲਿਆ ਜਿੱਥੇ ਨਾਮ, ਕੀਰਤਨ, ਕਿਰਤ, ਲੰਗਰ, ਸੰਗਤ, ਪੰਗਤ, ਸੇਵਾ ਆਦਿ ਸਾਰੇ ਕਰਮਾਂ ਵਿਚ ਸਭ ਦੀ ਸਾਂਝ ਸੀ।ਹਿੰਦੂ ਧਰਮ ਮੂਲ-ਰੂਪ ਵਿਚ ਵਰਣਾਸ਼ਰਮ ਧਰਮ ਹੈ, ਜਿਸ ਦਾ ੧ੳ ਦੀ ਵਿਚਾਰਧਾਰਾ ਨੇ ਖੰਡਨ ਕੀਤਾ। ਵਰਣਾਸ਼ਰਮ ਧਰਮ ਅਨੁਸਾਰ ਖੱਤਰੀ, ਬ੍ਰਾਹਮਣ, ਵੈਸ਼, ਸ਼ੂਦਰ ਦਾ ਆਪੋ ਆਪਣਾ ਧੰਦਾ ਹੀ ਉਨ੍ਹਾਂ ਦਾ ਧਰਮ ਹੈ, ਪਰ ਗੁਰਮਤਿ ਧਾਰਾ ਵਿਚ ਮਨੁੱਖ ਕਿਰਤ ਲਈ ਕੋਈ ਵੀ ਕੰਮ ਕਰ ਸਕਦਾ ਹੈ, ਹਰੇਕ ਮਨੁੱਖ ਬ੍ਰਾਹਮਣ, ਖੱਤਰੀ, ਵੈਸ਼, ਸੂਦਰ ਸਭ ਕੁੱਝ ਹੈ, ਅਤੇ ਹਰੇਕ ਮਨੁੱਖ ਦਾ ਇਕ ਪ੍ਰਮਾਤਮਾ ਵਿਚ ਵਿਸ਼ਵਾਸ ਹੀ ਉਸਦਾ ਅਸਲੀ ਧਰਮ ਹੈ (ਜੋਗ ਸਬਦੰ ਗਿਆਨ ਸਬਦੰ..ਪੰ:1353)।ਖਾਲਸਾ ਇਕ ਅਕਾਲ ਪੁਰਖ ਦਾ ਉਪਾਸ਼ਕ ਹੈ।ਇਕ ਤੋਂ ਬਿਨਾਂ ਹੋਰ ਦੇਵੀ, ਦੇਵਤਿਆਂ, ਅਵਤਾਰਾਂ, ਮੜ੍ਹੀਆਂ, ਕਬਰਾਂ ਨੂੰ ਨਹੀਂ ਪੂਜਦਾ।ਖਾਲਸਾ ਕਾਲ ਪੁਰਖੁ ਦੀ ਫੌਜ ਹੈ।'ਅਕਾਲ' ਅਤੇ 'ਪੁਰਖ' ਮੂਲ-ਮੰਤ੍ਰ ਦੇ ਸੰਕਲਪ ਹਨ। ਖਾਲਸੇ ਦੀ ਫਤਹਿ,"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ" ਵਿਚ ਖਾਲਸੇ ਨੂੰ ਇਕ ਵਾਹਿਗੁਰੂ ਨਾਲ ਸੰਬੰਧਿਤ ਕੀਤਾ ਗਿਆ ਹੈ।ਪ੍ਰਮਾਤਮਾ ਨੂੰ 'ਗੁਰੂ' (ਵਾਹਿਗੁਰੂ) ਰੂਪ ਵਿਚ ਸੰਬੋਧਨ ਮੂਲ-ਮੰਤ੍ਰ ਦੇ 'ਗੁਰ ਪ੍ਰਸਾਦਿ' ਤੋਂ ਵਿਕਸਿਤ ਹੋਇਆ।ਖਾਲਸੇ ਦੇ ਜੈਕਾਰੇ 'ਸਤਿ ਸ੍ਰੀ ਅਕਾਲ' ਵਿਚ 'ਸਤਿ' ਅਤੇ 'ਅਕਾਲ' ਦੋਵੇਂ ਸ਼ਬਦ ਮੂਲ-ਮੰਤ੍ਰ ਵਿਚੋਂ ਲਏ ਗਏ ਹਨ।ਗੁਰੂ ਨਾਨਕ ਦਾ ਪ੍ਰਮਾਤਮਾ ਗੁਣੀ-ਨਿਧਾਨ ਹੈ, ਜੋ ਸਾਰੇ ਜੀਆਂ ਨੂੰ ਆਪਣੇ ਖਜ਼ਾਨੇ ਵਿਚੋਂ ਗੁਣਾਂ ਦੀ ਬਖਸ਼ਿਸ਼ ਕਰਦਾ ਹੈ।ਉਸਦੇ ਗੁਣ ਅਮੁਲ, ਅਪਾਰ ਅਤੇ ਬੇਅੰਤ ਹਨ।ਇਨ੍ਹਾਂ ਗੁਣਾਂ ਨੂੰ ਧਾਰਨ ਕਰਕੇ ਮਨੁੱਖ ਪ੍ਰਮਾਤਮਾ ਦੇ ਨੇੜੇ ਹੁੰਦਾ ਜਾਂਦਾ ਹੈ।ਗੁਰੂ ਇਨ੍ਹਾਂ ਗੁਣਾਂ ਦੀ ਸੋਝੀ ਬਖਸ਼ਦਾ ਹੈ, ਜਿਸ ਬਿਨ ਭਗਤੀ ਹੋ ਨਹੀਂ ਸਕਦੀ (ਵਿਣੁ ਗੁਣ ਕੀਤੇ ਭਗਤਿ ਨ ਹੋਇ॥ਜਪੁ ਪੰ:2)ਸੱਚੀ ਭਗਤੀ ਪ੍ਰਮਾਤਮ-ਗੁਣਾਂ ਦਾ ਗ੍ਰਹਿਣ ਕਰਨਾ ਹੈ ਤੇ ਇਨ੍ਹਾਂ ਵਿਚੋਂ ਸਰਵੋਤਮ ਪ੍ਰਮਾਤਮ-ਗੁਣ 'ਸਤਿ' ਹੈ।ਸਤਿ ਸੱਚੀ ਹੋਂਦ ਹੈ।ਸੰਸਾਰ ਭਾਵੇਂ ਥਿਰ ਨਹੀਂ, ਪਰ ਉਸਦੀ ਹੋਂਦ ਕਰਕੇ ਸੱਤਿ ਹੈ।ਸ਼ਰੀਰ ਨਾਸ਼ਮਾਨ ਹੈ, ਪਰ ਉਸ ਵਿਚਲੀ ਆਤਮਾਂ ਸਤਿ ਹੈ।ਇਸ ਸਤਿ ਦੀ ਪਹਿਚਾਣ ਹੀ ਮਨੁੱਖ ਦਾ ਲਕਸ਼ ਹੈ।ਗੁਰੂ ਜੀ ਦੇ ਵਿਧਾਨ ਵਿਚ ਸੱਚ ਦੇ ਸੰਕਲਪ ਨਾਲੋਂ ਵੀ ਸੱਚਾ ਅਮਲੀ-ਜੀਵਨ-ਆਚਾਰ ਉਚਾ ਮੰਨਿਆ ਗਿਆ ਹੈ।ਧਾਰਮਿਕ ਵਾਦ-ਵਿਵਾਦਾਂ ਨਾਲ ਪ੍ਰਾਪਤੀ ਨਹੀਂ ਹੁੰਦੀ, ਸਗੋਂ ਇਹ ਸੱਚ ਦੀ ਕਮਾਈ ਰਾਹੀਂ ਸੰਭਵ ਹੈ (ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥ਪੰ:141)।

'ਇਕ' ਅਤੇ 'ਸਤਿ' ਦੀ ਪ੍ਰਾਪਤੀ ਦਾ ਮਾਰਗ ਵੀ ਇਕੋ ਨਾਮ-ਮਾਰਗ ਹੈ, ਜੋ ਕਿ ਸਰਬ-ਮਨੁੱਖਤਾ ਦਾ ਸ੍ਰੇਸ਼ਟ ਧਰਮ ਹੋ ਸਕਦਾ ਹੈ (ਸਗਲ ਧਰਮ ਮਹਿ ਸ੍ਰੇਸ਼ਟ ਧਰਮੁ॥ਸੁਖਮਨੀ)।ਨਾਮ ਪ੍ਰਮਾਤਮਾਂ ਦੇ ਅਨੇਕ ਗੁਣਾਂ ਦਾ ਪ੍ਰਗਟਾਵਾ ਹੈ, ਜਿਨ੍ਹਾਂ ਤੋਂ ਆਦਰਸ਼ ਮਨੁੱਖ ਬਲਿਹਾਰ ਜਾਂਦਾ ਹੈ।ਨਾਮ ਪ੍ਰਮਾਤਮਾ ਦੇ ਹੁਕਮ ਦੀ ਸੂਝ ਅਤੇ ਅਨੁਸਾਰਤਾ ਹੈ।ਆਦਰਸ਼ ਮਨੁੱਖ 'ਹੁਕਮ' ਅਨੁਸਾਰ ਜੀਵਨ ਢਾਲਦਾ ਹੈ, ਆਪਣੀ 'ਹਉਮੈ' ਤੋਂ ਅਗਵਾਈ ਨਹੀਂ ਲੈਂਦਾ।ਨਾਮ ਅਤੇ ਹਉਮੈ ਵਿਪਰੀਤ ਸੰਕਲਪ ਹਨ।ਹਉਮੈ ਤੋਂ ਸਾਰੀਆਂ ਵੰਡਾਂ, ਵਖਰੇਵੇਂ, ਵਿਤਕਰੇ ਪੈਦਾ ਹੁੰਦੇ ਹਨ।ਇਸੇ ਲਈ ਨਾਮ-ਮਾਰਗ ਸਾਰੇ ਬਾਹਰੀ ਰਸਮੀ ਕਰਮ-ਕਾਂਡਾਂ, ਭੇਖਾਂ, ਤੀਰਥ ਇਸ਼ਨਾਨਾਂ ਆਦਿ ਦਾ ਖੰਡਨ ਕਰਦਾ ਹੈ।ਗੁਰੂ ਨਾਨਕ ਜੀ ਅਨੁਸਾਰ ਉਹ ਗੁਰਮੁਖ ਹੀ ਸ੍ਰੇਸ਼ਟ ਅਤੇ ਪ੍ਰਧਾਨ ਪੁਰਖ ਹੈ, ਜੋ ਸੱਚ ਦਾ ਵਰਤ ਰੱਖਦਾ ਹੈ, ਸੰਤੋਖ ਨੂੰ ਤੀਰਥ ਮੰਨਦਾ ਹੈ, ਗਿਆਨ ਦਾ ਇਸ਼ਨਾਨ ਕਰਦਾ ਹੈ, ਦਇਆ ਨੂੰ ਦੇਵਤਾ ਮੰਨਦਾ ਹੈ ਅਤੇ ਖਿਮਾ ਦੀ ਮਾਲਾ ਫੇਰਦਾ ਹੈ (ਸਚੁ ਵਰਤੁ ਸੰਤੋਖੁ ਤੀਰਥੁ..ਪੰ:1245)।ਅਜਿਹਾ ਮਨੁੱਖ ਜਾਤ, ਵਰਣ, ਮਾਇਆ ਦੇ ਲੋਭ ਅਤੇ ਹਉਮੈ ਦੀ ਮੈਲ ਤੋਂ ਰਹਿਤ ਹੁੰਦਾ ਹੈ।'ਸਤਿ' ਅਤੇ 'ਨਾਮ' ਦਾ ਅਮਲ ਸਮੁੱਚੇ ਜੀਵਨ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ।ਸੱਚ ਦਾ ਧਾਰਨੀ ਗੁਰਮੁਖ ਜਾਂ ਸਚਿਆਰ ਸੱਚ ਦੀ ਕਸਵੱਟੀ ਨੂੰ ਜੀਵਨ ਦੇ ਹਰ ਖੇਤਰ ਵਿਚ ਵਰਤਦਾ ਹੈ।ਲੋਕ ਮਨਾਂ ਵਿਚੋਂ ਗੁਰੂ ਜੀ ਨੇ ਰਾਜਸੀ ਭੈ ਨੂੰ ਖਤਮ ਕਰਨ ਲਈ ਦੁਨਿਆਵੀ ਪਾਤਸ਼ਾਹ ਨੂੰ ਝੂਠੇ ਪਾਤਸ਼ਾਹ ਅਤੇ ਚਾਰ ਦਿਨਾਂ ਦੇ ਪ੍ਰਾਹੁਣੇ ਦੱਸਿਆ।ਕੇਵਲ ਪ੍ਰਮਾਤਮਾਂ ਹੀ ਸੱਚਾ ਪਾਤਸ਼ਾਹ ਹੈ ਅਤੇ ਸੱਚੇ-ਨਾਮ ਦੀ ਸਿਫਤ-ਸਲਾਹ ਵਿਚ ਲੱਗਾ ਮਨੁੱਖ ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੈ।ਸੱਚੀ ਪਾਤਸ਼ਾਹੀ, ਵੱਡਾ ਸਾਹਿਬ, ਉਚਾ ਥਾਉਂ, ਸੱਚੀ ਦਰਗਾਹ, ਸੱਚਾ ਤਖਤ, ਸੱਚਾ ਮਹਿਲ, ਉਚਾ ਦਰਬਾਰ, ਸੱਚਾ ਹੁਕਮ, ਅਮੁਲ ਫੁਰਮਾਣ, ਅਮੁਲ ਬਖਸ਼ੀਸ਼, ਸੱਚਾ ਖਜ਼ਾਨਾਂ, ਸੱਚੀ ਘਾੜਤ ਅਤੇ ਸੱਚੀ ਟਕਸਾਲ ਆਦਿ ਸੰਕੇਤ ਸੱਚੀ ਪਾਤਸ਼ਾਹੀ ਲਈ ਵਰਤੇ ਗਏ ਹਨ, ਜਿਨ੍ਹਾਂ ਦੇ ਟਾਕਰੇ ਉਤੇ ਦੁਨਿਅਵੀ ਪਾਤਸ਼ਾਹ ਨੂੰ ਝੂਠਾ, ਅਭਿਮਾਨੀ ਅਤੇ ਤ੍ਰਿਸ਼ਨਾਂ-ਵੱਸ ਦਸਿਆ ਗਿਆ, ਤਾਂ ਕਿ ਲੋਕ-ਮਨਾਂ ਵਿਚੋਂ ਸਦੀਆਂ ਦੀ ਗੁਲਾਮੀ ਕਾਰਨ ਜੋ ਰਾਜ ਦਰਬਾਰ ਦਾ ਦਬ-ਦਬਾ ਬੈਠਾ ਹੋਇਆ ਸੀ, ਉਸਨੂੰ ਘਟਾ ਕੇ ਸ੍ਵੈਮਾਨ ਵਿਚ ਜਿਉਣ ਦੀ ਪਿਰਤ ਪਾਈ ਜਾਵੇ।ਕੇਵਲ ਸੱਚੇ ਪਾਤਸ਼ਾਹ ਦੀ ਸਿਫਤ ਸੱਚੀ ਹੈ, ਦੁਨਿਆਵੀ ਹੁਕਮਰਾਨਾਂ ਦੀ ਸਿਫਤ ਦਾ ਆਧਾਰ ਲਾਲਚ, ਖੁਦਗਰਜ਼ੀ ਜਾਂ ਡਰ ਉਤੇ ਆਧਾਰਿਤ ਹੈ।ਇਨ੍ਹਾਂ ਦੀ ਗੁਲਾਮੀ 'ਅਬੀਤਬੀ ਕੀ ਚਾਕਰੀ' ਹੈ, ਜਿਹੜੀ ਸੱਚੀ ਦਰਗਾਹ ਵਿਚ ਪਰਵਾਨ ਨਹੀਂ ਚੜ੍ਹਦੀ। ਇਸ ਲਈ ਆਦਰਸ਼ ਮਨੁੱਖ ਕੇਵਲ ਪ੍ਰਮਾਤਮਾਂ ਅੱਗੇ ਝੁਕਦਾ ਹੈ, ਦੁਨਿਆਵੀ ਸ਼ਕਤੀਆਂ ਦਾ ਪਾਣੀ ਨਹੀਂ ਭਰਦਾ।ਗੁਰੂ ਨਾਨਕ ਦੇਵ ਜੀ ਨੇ ਨਾਮ-ਵਿਧਾਨ ਨੂੰ 'ਕਿਰਤ' ਅਤੇ 'ਵੰਡ ਛਕਣ' ਨਾਲ ਸੰਬੰਧਿਤ ਕੀਤਾ (ਨਾਮ ਜਪੋ, ਕਿਰਤ ਕਰੋ, ਵੰਡ ਛਕੋ)।ਇਸੇ ਲਈ ਗੁਰੂ ਨਾਨਕ ਵਿਧਾਨ ਵਿਚ ਮੰਗਣਾ ਕਬੂਲ ਨਹੀਂ ਹੈ।ਗੁਰੂ ਜੀ ਨੇ ਸਰਬ-ਮਨੁੱਖਤਾ ਦੇ ਨਾਲ ਹੀ ਧਾਰਮਿਕ ਆਗੂਆਂ ਨੂੰ ਵੀ ਕਿਰਤ ਕਰਨ ਦੀ ਪ੍ਰੇਰਨਾਂ ਦਿੱਤੀ ਅਤੇ ਭਿੱਖਿਆ ਮੰਗਣ (ਗਜਾ ਕਰਨਾਂ) ਦਾ ਡਟਵਾਂ ਵਿਰੋਧ ਕੀਤਾ। ਆਦਰਸ਼ ਮਨੁੱਖ ਹੱਥੀਂ ਘਾਲ ਕਰਦਾ ਹੈ, ਅਤੇ ਆਪਣੀ ਕਿਰਤ ਦੂਜਿਆਂ ਨਾਲ ਸਾਂਝੀ ਕਰਦਾ ਹੈ।

ਆਦਰਸ਼ ਮਨੁੱਖ ਇਕ ਪ੍ਰਮਾਤਮਾਂ ਨੂੰ ਹੀ 'ਕਰਤਾ ਪੁਰਖ' ਮੰਨਦਾ ਹੈ।ਕਰਤਾ ਸ੍ਰਿਸ਼ਟੀ ਵਿਚ ਵਿਆਪਕ ਹੈ।ਉਸ ਵਿਚ ਹੀ ਸਾਡਾ ਜੀਵਨ, ਗਤੀ ਅਤੇ ਹੋਂਦ ਹੈ, ਪਰ ਕਰਤਾ ਅਤੇ ਕਿਰਤ (ਰਚਨਾ) ਇਕ ਨਹੀਂ, ਅਰਥਾਤ ਰਚਨਾਂ ਹੀ ਕਰਤਾ ਨਹੀਂ।ਉਸ ਤੋਂ ਬਿਨਾਂ ਕਿਰਤ ਅਸੰਭਵ ਹੈ, ਪਰ ਕਿਰਤ ਤੋਂ ਬਿਨਾਂ ਵੀ ਉਸਦੀ ਹੋਂਦ ਹੈ।ਕਰਤਾ, ਭਰਤਾ, ਹਰਤਾ ਇਕੋ ਸ਼ਕਤੀ ਹੈ, ਤਿੰਨ ਨਹੀਂ।ਉਹ ਆਪਣੀ ਨਦਰ, ਕ੍ਰਿਪਾ, ਮਿਹਰ ਰਾਹੀਂ ਮਨੁੱਖ ਨੂੰ ਰਸਤਾ ਦੱਸਦਾ ਹੋਇਆ ਸਰਬ ਜੀਆਂ ਦਾ ਦਾਤਾ, ਰਾਖਾ, ਪ੍ਰਤਿਪਾਲਕ ਅਤੇ ਪਰਵਰਦਿਗਾਰ ਹੈ (ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ॥ਪੰ:580)। ਉਸਦਾ ਅਸਥਾਨ ਮਨੁੱਖੀ ਹਿਰਦਾ ਹੈ, ਜਿਸ ਵਿਚੋਂ ਹੀ ਉਸਦੀ ਭਾਲ ਅਤੇ ਪਹਿਚਾਣ ਕਰਨੀ ਹੈ (ਘਟਿ ਘਟਿ ਰਵਿ ਰਹਿਆ ਬਨਵਾਰੀ..ਪੰ:597)।ਮਨੁੱਖ ਪਾਸ ਬੁੱਧੀ, ਵਿਚਾਰ-ਸ਼ਕਤੀ

ਅਤੇ ਕੰਮ ਕਰਨ ਦਾ ਅਥਾਹ ਬਲ ਹੋਣ ਕਰਕੇ ਹੀ ਸਾਰੀ ਰਚਨਾ ਵਿਚੋਂ ਸਰਦਾਰੀ ਪ੍ਰਾਪਤ ਹੈ, (ਸਗਲ ਜੋਨਿ ਮਹਿ ਤੂ ਸਿਰਿ ਧਰਿਆ..ਪੰ:913) ਜਿਸ ਨਾਲ ਉਹ ਨਵਾਂ ਨਰੋਇਆ ਸਮਾਜ ਸਿਰਜ ਸਕਦਾ ਹੈ।ਧਰਤੀ ਧਰਮ ਕਮਾਉਣ ਦੀ ਧਰਮਸ਼ਾਲ ਹੈ, ਜਿਸ ਵਿਚ ਸੇਵਾ ਵਰਗੇ ਅਮਲ ਸੰਭਵ ਹਨ (ਵਿਚਿ ਦੁਨੀਆ ਸੇਵ ਕਮਾਈਐ..ਪੰ:26)।ਗੁਰੂ ਨਾਨਕ ਜੀ ਦਾ ਆਦਰਸ਼ ਮਨੁੱਖ ਕੁਦਰਤ ਤੋਂ ਮੂੰਹ ਨਹੀਂ ਮੋੜਦਾ ਸਗੋਂ 'ਬਲਿਹਾਰੀ ਕੁਦਰਤਿ ਵਸਿਆ' ਦੀ ਭਾਵਨਾਂ ਅਧੀਨ ਕੁਦਰਤ ਦੇ ਵਿਸਮਾਦੀ ਰੰਗ ਰੂਪਾਂ ਤੋਂ ਵਜਦ ਵਿਚ ਆਕੇ 'ਵਾਹੁ, ਵਾਹੁ' 'ਵਾਹੁਗੁਰੂ' ਦੇ ਭਾਵ ਪ੍ਰਗਟ ਕਰਦਾ ਹੈ।ਸੰਸਾਰ ਨੂੰ ਧੋਖਾ ਜਾਂ ਭਰਮ ਨਹੀਂ ਸਮਝਦਾ, ਸਗੋਂ ਸੱਚੇ ਦੀ ਕ੍ਰਿਤ ਸਮਝਕੇ ਮਨੁੱਖਤਾ ਦੀ ਸੇਵਾ ਕਰਨੀ ਆਪਣਾ ਫਰਜ਼ ਸਮਝਦਾ ਹੈ।

ਸਿੱਖ ਕੌਮ ਖਾਸ ਕਰਕੇ 'ਨਿਰਭਉ' ਤੇ 'ਨਿਰਵੈਰ' ਪ੍ਰਮਾਤਮਾ ਦੀ ਉਪਾਸ਼ਕ ਹੋਣ ਕਾਰਨ ਇਨ੍ਹਾਂ ਗੁਣਾਂ ਦੀ ਧਾਰਨੀ ਹੈ।ਗੁਰੂ ਜੀ ਨੇ ਜਦੋਂ ਨਿਰਭਉ ਨਿਰਵੈਰ ਦਾ ਸੰਕਲਪ ਦਿੱਤਾ, ਉਦੋਂ ਆਮ ਮਨੁੱਖਾਂ ਦਾ ਜੀਵਨ ਬਲਵਾਨ ਸ਼ਕਤੀਆਂ ਦੇ ਡਰਾਂ ਨਾਲ ਭੈ-ਭੀਤ ਸੀ।ਬ੍ਰਾਹਮਣਾ ਦਾ ਛੋਟੀਆਂ ਜਮਾਤਾਂ ਪ੍ਰਤੀ ਵੈਰ, ਘ੍ਰਿਣਾ, ਕ੍ਰੋਪੀ ਅਤੇ ਸਰਾਪਾਂ ਦਾ ਡਰ, ਦੇਵੀ ਦੇਵਤਿਆਂ ਅਤੇ ਨਰਕਾਂ ਦਾ ਡਰ, ਰਾਜਿਆਂ, ਸਰਦਾਰਾਂ ਅਤੇ ਅਹਿਲਕਾਰਾਂ ਦਾ ਡਰ ਆਮ ਜੀਵਨ ਦਾ ਅੰਗ ਬਣ ਚੁੱਕਿਆ ਸੀ।ਮੂਲ-ਮੰਤ੍ਰ ਮਨੁੱਖ ਨੂੰ ਅਜਿਹੇ ਸਰਬ-ਸਮਰੱਥ, ਨਿਰਭਉ-ਨਿਰਵੈਰ ਬ੍ਰਹਮ ਨਾਲ ਜੋੜਦਾ ਹੈ, ਤੇ ਇਹ ਗੁਣ ਉਪਾਸ਼ਕ ਦੇ ਹਿਰਦੇ ਵਿਚ ਸੁਤੇ ਸਿੱਧ ਪ੍ਰਵੇਸ਼ ਹੁੰਦੇ ਰਹਿੰਦੇ ਹਨ।ਗੁਰੂ ਨਾਨਕ ਜੀ ਦਾ ਨਿਰਭਉ ਹੋਕੇ ਬਾਬਰ ਨੂੰ ਜ਼ਾਬਰ ਕਹਿਣਾ, ਹਾਕਮਾਂ ਨੂੰ ਸ਼ੀਂਹ, ਅਹਿਲਕਾਰਾਂ ਨੂੰ ਜ਼ਾਲਿਮ ਕੁੱਤੇ ਕਹਿਣਾ, ਪੰਡਤਾਂ, ਬ੍ਰਹਮਣਾ, ਯੋਗੀਆਂ ਦੀਆਂ ਨਿਖਿੱਧ ਰੁਚੀਆਂ ਦੀ ਖੁਲੀ ਆਲੋਚਨਾ ਉਨ੍ਹਾਂ ਦੀ ਨਿਰਭੈਤਾ ਦੇ ਪ੍ਰਮਾਣ ਹਨ, ਜਿਨ੍ਹਾਂ ਦਾ ਅਸਰ ਉਨ੍ਹਾਂ ਦੇ ਪੈਰੋਕਾਰਾਂ ਉਤੇ ਹੋਣਾ ਕੁਦਰਤੀ ਸੀ।ਗੁਰੂ ਅਰਜਨ, ਜਹਾਂਗੀਰ ਦੇ ਸਾਹਮਣੇ ਅਤੇ ਗੁਰੂ ਤੇਗ ਬਹਾਦਰ ਜੀ ਔਰੰਗਜ਼ੇਬ ਸਾਹਮਣੇ ਨਿਰਭਉ ਹੋਕੇ ਵਿਚਰੇ।ਨਾ ਡਰਨਾਂ ਨਾ ਡਰਾਉਣਾ ਚੰਗੇ ਮਨੁੱਖ ਦਾ ਆਦਰਸ਼ ਹੈ।ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ 'ਨਿਰਭਉ' ਖਾਲਸੇ ਨੇ ਮੁਗਲਾਂ ਦੀ ਧੌਂਸ ਨਾ ਮੰਨਦਿਆਂ ਸ਼ਸਤਰ, ਘੋੜੇ, ਕਿਲੇ, ਕਲਗੀ, ਬਾਜ਼, ਦਰਬਾਰ, ਫੌਜਾਂ, ਨਿਸ਼ਾਨ ਅਤੇ ਨਗਾਰਿਆਂ ਦਾ ਪ੍ਰਯੋਗ ਕੀਤਾ, ਪਰ ਨਿਰਵੈਰ ਭਾਵਨਾਂ ਸਦਾ ਕਾਇਮ ਰੱਖੀ।ਕੇਵਲ ਸ੍ਵੈਮਾਨ ਅਤੇ ਸ੍ਵੈਰੱਖਿਆ ਲਈ ਹੀ ਅਜਿਹਾ ਕੀਤਾ।ਗੁਰੂ ਗੋਬਿੰਦ ਸਿੰਘ ਜੀ ਨੇ ਸਾਰੇ ਯੁੱਧਾਂ ਵਿਚ ਨਿਰਭਉ ਨਿਰਵੈਰ ਦੇ ਮੂਲ ਸਿਧਾਂਤਾਂ ਨੂੰ ਸਾਹਮਣੇ ਰੱਖਿਆ।ਕੋਈ ਯੁੱਧ ਜ਼ਰ, ਜ਼ੋਰੂ ਜਾਂ ਜ਼ਮੀਨ ਲਈ ਨਹੀਂ ਲੜਿਆ, ਕਦੀ ਕਿਸੇ ਨੂੰ ਪੱਕਾ ਵੈਰੀ ਨਹੀਂ ਸਮਝਿਆ, ਕਦੀ ਪਹਿਲਾਂ ਵਾਰ ਨਹੀਂ ਕੀਤਾ, ਵਿਰੋਧੀਆਂ ਦੀਆਂ ਧੀਆਂ ਭੈਣਾਂ ਦਾ ਪੂਰਾ ਸਨਮਾਨ ਕਰਨ ਦਾ ਹੁਕਮ ਕੀਤਾ, ਥੋੜੀ ਗਿਣਤੀ ਵਿਚ ਹੁੰਦਿਆਂ ਵੱਡੇ ਲਸ਼ਕਰਾਂ ਦਾ 'ਨਿਰਭੈ' ਹੋਕੇ ਟਾਕਰਾ ਕੀਤਾ।ਆਰੇ ਦੇ ਚੀਰ, ਚਰਖੜੀਆਂ, ਗੋਲੀਆਂ, ਜੇਲ੍ਹਾਂ ਦੇ ਤਸੀਹੇ, ਬੰਦ ਬੰਦ ਕੱਟੇ ਗਏ ਪਰ ਕੋਈ ਡਰਾ ਨਾ ਸਕੇ।ਏਨੇ ਅੱਤਿਅਚਾਰਾਂ ਤੋਂ ਬਾਅਦ ਜਦ ਹੱਥ ਵਿਚ ਸ਼ਕਤੀ ਆਈ ਤਾਂ 'ਨਿਰਵੈਰ ਖਾਲਸੇ' ਨੇ ਪੰਜਾਬ ਵਿਚ ਸਾਂਝਾ ਕੌਮੀ ਰਾਜ ਕਾਇਮ ਕੀਤਾ।ਸਿੱਖ ਧਰਮ ਦੀ ਨਿਤਾ-ਪ੍ਰਤਿ ਅਰਦਾਸ ਦੇ ਅੰਤਲੇ ਵਾਕ-ਨਾਨਕ ਨਾਮ, ਚੜ੍ਹਦੀ ਕਲਾ (ਨਿਰਭਉ), ਤੇਰੇ ਭਾਣੇ (ਗੁਰ ਪ੍ਰਸਾਦਿ), ਸਰਬੱਤ ਕਾ ਭਲਾ (ਨਿਰਵੈਰ) ਵਿਚ ਮੂਲ ਮੰਤ੍ਰ ਦੇ ਚਾਰ ਸੰਕਲਪ ਵਿਦਮਾਨ ਹਨ।ਮਨੁੱਖੀ 'ਵੈਰ' ਭਾਵਨਾ ਧਰਮਾਂ ਦੇ ਗ੍ਰੰਥਾਂ ਨਾਲ ਵੀ ਜੋੜ ਦਿੱਤੀ ਜਾਂਦੀ ਹੈ।ਸ਼ਾਸਤਰਾਂ, ਵੇਦਾਂ, ਪੁਰਾਣਾਂ ਅਤੇ ਛੇ ਦਰਸ਼ਨਾਂ ਨੂੰ ਮੰਨਣ ਵਾਲੇ ਇਕ ਦੂਜੇ ਦੇ ਵੈਰੀ ਬਣ ਜਾਂਦੇ ਹਨ।ਇਸ ਵੈਰ-ਭਾਵ ਤੋਂ ਮੁਕਤ ਹੋਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾਂ ਕੀਤੀ ਗਈ, ਜਿਸ ਵਿਚ ਸਿੱਖ ਗੁਰੂਆ ਦੇ ਨਾਲ ਨਾਲ ਮੁਸਲਮਾਨ ਫਕੀਰਾਂ, ਹਿੰਦੂ ਭਗਤਾਂ, ਵੈਸ਼ਯ (ਤਰਲੋਚਨ), ਬ੍ਰਾਹਮਣ (ਜੈਦੇਵ), ਸੂਫੀ (ਭੀਖਣ), ਛੀਂਬਾ (ਨਾਮਦੇਵ), ਚਮਾਰ (ਰਵਿਦਾਸ), ਕਸਾਈ (ਸਧਨਾ) ਦੀ ਬਾਣੀ ਦਰਜ਼ ਹੋਣ ਕਰਕੇ ਪੂਰਨ ਸਤਿਕਾਰ ਅਤੇ ਬਰਾਬਰੀ ਪ੍ਰਾਪਤ ਕਰ ਰਹੇ ਹਨ।ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾਂ ਵਿਚ 'ਨਿਰਵੈਰ' ਨੂੰ ਹੀ ਅਮਲੀ ਰੂਪ ਦਿੱਤਾ ਗਿਆ ਹੈ।

ਆਦਰਸ਼ਕ ਮਨੁੱਖ ਕੇਵਲ 'ਅਕਾਲ' ਦਾ ਪੁਜਾਰੀ ਹੈ।'ਅਕਾਲ ਮੂਰਤਿ' ਦਾ ਵਿਧਾਨ ਬੁੱਤਾਂ ਅਤੇ ਮੂਰਤਾਂ ਵਿਚ ਪ੍ਰਮਾਤਮਾ ਦੀ ਹੋਂਦ ਦਾ ਖੰਡਨ ਕਰਦਾ ਹੈ।ਬੁੱਤਾਂ ਵਿਚ ਸਥਾਪਨਾ, ਕੋਈ ਵਿਸ਼ੇਸ਼ ਸ਼ਕਲ, ਆਕਾਰ ਵਿਚ ਨਿਸ਼ਚਿਤ ਕਰ ਦੇਣਾ, ਉਸਦੀ ਸਰਬ-ਵਿਅਪਕਤਾ ਨੂੰ ਸੀਮਤ ਕਰ ਦੇਣਾ ਹੈ।ਮੁਹੰਮਦ ਸਾਹਿਬ ਦੀ ਸਾਰੀ ਲੜਾਈ ਅਰਬ ਦੇ ਬੁੱਤ-ਪੂਜਨਾ ਵਿਰੁੱਧ ਸੀ।ਉਪਰੰਤ ਮੁਸਲਮਾਨਾਂ ਦਾ ਹਿੰਦੂਆਂ ਵਿਰੁੱਧ ਸਾਰਾ ਜ਼ੁਲਮ ਇਸ ਆਧਾਰ ਉਤੇ ਸੀ ਕਿ ਹਿੰਦੂ ਬੁੱਤ-ਪੂਜ ਹੈ, ਰੱਬ-ਪੂਜ ਨਹੀਂ, ਇਸ ਲਈ ਕਾਫਰ ਹੈ।ਸਹਿਨਸ਼ੀਲਤਾ ਦੀ ਭਾਵਨਾਂ ਅਤੇ ਉਦਾਰਤਾ ਚੰਗੇ ਗੁਣ ਹਨ ਪਰ ਜੇ ਰੱਬ ਨੂੰ ਬੁੱਤਾਂ ਵਿਚ ਵਿਦਮਾਨ ਨਾਂ ਕੀਤਾ ਜਾਵੇ ਅਤੇ ਉਸਦੇ ਰੱਬੀ ਕਲਾਮ ਰਾਹੀਂ, ਬਾਣੀ ਰਾਹੀਂ, ਸ਼ਬਦ ਰਾਹੀਂ, ਨਾਮ ਰਾਹੀਂ ਸਰਾਹਨਾ ਅਤੇ ਪੂਜਾ ਕੀਤੀ ਜਾਵੇ ਤਾਂ ਸਰਬ ਮਨੁੱਖਤਾ ਨੂੰ ਇਕ ਰੱਬ ਦੇ ਉਪਾਸ਼ਕਾਂ ਦੇ ਰੂਪ ਵਿਚ ਇਕੱਠਾ ਕੀਤਾ ਜਾ ਸਕਦਾ ਹੈ।ਸਿੱਖ ਧਰਮ ਨੇ 'ਅਕਾਲ ਮੂਰਤਿ' ਸੰਕਲਪ ਅਧੀਨ ਬੁੱਤ ਪੂਜਾ ਨੂੰ ਸਵੀਕਾਰ ਨਹੀਂ ਕੀਤਾ।

ਆਦਰਸ਼ ਮਨੁੱਖ 'ਅਜੂਨੀ ਸੈਭੰ 'ਦਾ ਉਪਾਸ਼ਕ ਹੈ।ਉਸਦਾ ਪ੍ਰਮਾਤਮਾ ਸਰਬ ਸਮਰੱਥ ਹੈ, ਜੋ ਖਿਨ ਵਿਚ ਸ੍ਰਿਸ਼ਟੀ ਨੂੰ ਭੰਨਦਾ, ਘੜਦਾ, ਉਸਾਰਦਾ, ਢਾਹੁੰਦਾ ਅਤੇ ਮੁੜ ਉਸਾਰ ਲੈਂਦਾ ਹੈ।ਉਸਦੀ ਦੁਨੀਆਂ ਅਤੀ ਵਿਸ਼ਾਲ, ਅਸੀਮ ਅਤੇ ਆਨੰਤ ਹੈ।ਇਸ ਧਰਤੀ ਦੇ ਕਿਸੇ ਇਕ ਭਾਗ ਵਿਚ ਕਿਸੇ ਵਿਸ਼ੇਸ਼ ਵਧੀਕੀ ਦੇ ਅਮਲ ਨੂੰ ਰੋਕਣ ਲਈ ਉਸ ਨੂੰ ਮਨੁੱਖੀ ਜੂਨ ਵਿਚ ਜਨਮ ਧਾਰਨ ਦੀ ਲੋੜ ਨਹੀਂ ਪੈਂਦੀ।ਆਦਰਸ਼ ਮਨੁੱਖ, ਅਵਤਾਰਾਂ ਵਿਚ ਨਹੀਂ, ਅਵਤਾਰਾਂ ਦੇ ਕਰਤੇ ਵਿਚ ਵਿਸ਼ਵਾਸ਼ ਰੱਖਦਾ ਹੈ।ਅਵਤਾਰਵਾਦ ਕਾਰਨ ਮਨੁੱਖਤਾ ਵੰਡੀ ਜਾਂਦੀ ਹੈ, ਕਿਉਂਕਿ ਇਕ ਅਵਤਾਰ ਨੂੰ ਮੰਨਣ ਵਾਲਾ ਦੂਜੇ ਨੂੰ ਨਹੀਂ ਮੰਨਦਾ।ਦੇਵੀ, ਦੇਵਤੇ, ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿ ਵੀ ਆਪਸੀ ਵੈਰ ਵਿਰੋਧ ਰੱਖਦੇ ਹਨ।ਇਨ੍ਹਾਂ ਦੇ ਉਪਾਸ਼ਕ ਗਿਰਹੀ, ਉਦਾਸੀ, ਸੰਨਿਆਸੀ, ਮੋਨੀ, ਬ੍ਰਹਮਚਾਰੀ, ਨਾਂਗੇ ਕਈ ਧਿਰਾਂ ਵਿਚ ਵੰਡੇ ਹੋਏ ਹਨ।ਮੁਸਲਮਾਨਾਂ ਵਿਚ ਸ਼ੀਆ, ਸੁੰਨੀ, ਅਹਿਮਦੀਏ ਇਨ੍ਹਾਂ ਕਾਰਨਾਂ ਕਰਕੇ ਹੀ ਆਪਸੀ ਵੈਰ ਵਿਰੋਧ ਰੱਖਦੇ ਹਨ। 'ਅਜੂਨੀ' ਦਾ ਸਿਧਾਂਤ ਇਨ੍ਹਾਂ ਵੰਡਾਂ ਨੂੰ ਖਤਮ ਕਰਦਾ ਹੈ।ਸਿੱਖ ਧਰਮ ਵਿਚ ਰੱਬ ਤੇ ਇਨਸਾਨ ਵਿਚਕਾਰ ਕੋਈ ਅਜੇਹੀ ਹਸਤੀ ਨਹੀਂ ਮੰਨੀ ਗਈ, ਜੇਹੋ ਜਿਹੀ ਹੋਰ ਧਰਮਾਂ ਵਿਚ ਮੰਨੀ ਗਈ ਹੈ।ਸਿੱਖ ਧਰਮ ਦਾ ਪ੍ਰਮਾਤਮਾ 'ਅਜੂਨੀ ਸੈਭੰ' ਹੈ।

'ਗੁਰ ਪ੍ਰਸਾਦਿ' ਵਿਚ ਵਿਅਕਤ 'ਗੁਰੂ' ਅਤੇ 'ਗੁਰੂ ਦੀ ਕ੍ਰਿਪਾ' ਦਾ ਸੰਕਲਪ ਸਿੱਖ ਪੰਥ ਵਿਚ ਵਿਸ਼ੇਸ਼ ਮਹਾਨਤਾ ਰੱਖਦਾ ਹੈ।ਸਿੱਖ ਧਰਮ ਦੀ ਗੁਰੂ ਪ੍ਰੰਪਰਾ ਨੂੰ ਬਾਕੀ ਧਰਮਾਂ ਦੇ ਰਸੂਲਾਂ, ਖਲੀਫਿਆਂ, ਰੱਖਿਅਕਾਂ, ਰਿਸ਼ੀਆਂ, ਅਵਤਾਰਾਂ ਜਾਂ ਸੰਤਾਂ, ਸਾਧੂਆਂ, ਮੁਕਤਾਂ, ਸੂਫੀਆਂ, ਬ੍ਰਹਮ-ਗਿਆਨੀਆਂ ਦੇ ਤੁੱਲ ਨਹੀਂ ਕਿਹਾ ਜਾ ਸਕਦਾ।ਸਿੱਖ ਪ੍ਰੰਪਰਾ ਰੂਹਾਨੀ ਜੋਤਿ ਦੀ ਪ੍ਰੰਪਰਾ ਸੀ, ਜਿਸ ਨੇ ਇਹ ਸਿੱਧ ਕੀਤਾ ਕਿ ਰੂਹਾਨੀ ਆਵਾਜ਼ ਅਤੇ ਹੁਕਮ ਅਨੁਸਾਰ ਆਦਰਸ਼ ਜੀਵਨ ਜੀਵਿਆ ਜਾ ਸਕਦਾ ਹੈ।ਸਿੱਖ ਗੁਰੂ ਪ੍ਰੰਪਰਾ 200 ਸਾਲ ਤੋਂ ਵਧੀਕ ਜਾਰੀ ਰਹੀ ਪਰ 'ਜੋਤਿ' ਉਹੋ ਰਹੀ, ਕੇਵਲ ਸ਼ਰੀਰ ਦੀ ਤਬਦੀਲੀ ਹੁੰਦੀ ਰਹੀ ਅਤੇ ਅੰਤ ਵਿਚ ਇਹ ਜੋਤਿ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਵਿਚ ਵਿਦਮਾਨ ਹੋ ਗਈ।ਬਾਣੀ ਪਹਿਲਾਂ ਹੀ ਗੁਰੂ ਦਾ ਅਸਲ ਸਰੂਪ ਸੀ, ਪਰ ਜਿਸ ਮਾਧਿਅਮ ਰਾਹੀਂ ਬਾਣੀ ਪ੍ਰਗਟ ਹੋਈ, ਉਹ ਮਾਧਿਅਮ ਸ਼ਰੀਰ ਰੂਪ ਵਿਚ ਜੀਵਿਤ ਹੋਣ ਕਰਕੇ, ਪੂਰਨ ਸਤਿਕਾਰ ਦਾ ਪਾਤਰ ਸੀ।ਦਸਮੇਸ਼ ਜੀ ਨੇ 1708 ਈ. ਵਿਚ ਗੁਰੂ ਪ੍ਰੰਪਰਾ ਗੁਰੂ-ਗ੍ਰੰਥ (ਗੁਰੂਆਂ ਰਾਹੀਂ ਪ੍ਰਗਟ ਹੋਈ ਪ੍ਰਮਾਤਮ ਅਵਾਜ਼) ਅਤੇ ਗੁਰੂ-ਪੰਥ (ਗਿਆਨ ਅਤੇ ਸੋਝੀ ਵਾਲੀ ਕੌਮ) ਨੂੰ ਦੇ ਦਿੱਤੀ।ਇਹ ਗੁਰੂ ਪ੍ਰੰਪਰਾ ਅਨੰਤ-ਕਾਲ ਲਈ ਹੈ।

ਸ਼ਬਦ-ਗੁਰੂ ਅਤੇ 'ਪ੍ਰਸਾਦਿ' ਸਿਧਾਂਤ ਨੇ ਸਿੱਖ ਜਗਤ ਨੂੰ ਬ੍ਰਾਹਮਣੀ ਤਾਬਿਆਦਾਰੀ ਅਤੇ ਕਰਮ ਸਿਧਾਂਤ ਦੇ ਅਮਿਟ ਚੱਕਰ ਤੋਂ ਸਦਾ ਲਈ ਮੁਕਤ ਕਰ ਦਿੱਤਾ।ਗੁਰੂ ਨਾਨਕ ਜੀ ਅਨੁਸਾਰ ਰਸਮੀ ਵੇਦ ਪਾਠ ਅਸ਼ਾਂਤੀ ਦਾ ਘਰ ਹੈ, ਅਤੇ ਵਾਦ-ਵਿਵਾਦ ਦਾ ਸੋਮਾ ਹੈ, ਜਿਸ ਨਾਲ 'ਭੀਤਰ-ਵਸਦੀ-ਵਸਤ' ਦੀ ਪ੍ਰਾਪਤੀ ਨਹੀਂ ਹੁੰਦੀ।ਪ੍ਰਭੂ-ਕ੍ਰਿਪਾ ਵੇਦ ਪਾਠੀਆਂ ਜਾਂ ਬ੍ਰਾਹਮਣਾ ਦਾ ਵਿਰਸਾ ਨਹੀਂ, ਸਭ ਜੀਆਂ ਉਪਰ ਹਰ ਸਮੇਂ ਉਸਦੀ ਅਪਾਰ ਕ੍ਰਿਪਾ ਹੋ ਰਹੀ ਹੈ।ਸਾਰੀਆਂ ਨਿਆਮਤਾਂ, ਕੁਦਰਤ ਦੀ ਸਰਦਾਰੀ, ਮੱਤ, ਬੁੱਧ, ਗਿਆਨ, ਵਿਗਿਆਨ ਸਭ ਉਸਦੀ ਬਖਸ਼ਿਸ਼ ਹੈ।ਕ੍ਰਿਪਾਲੂ ਪ੍ਰਮਾਤਮਾ ਦਾਤਾ ਹੈ, ਬੇਅੰਤ ਦਾਤਾਂ ਦਿੰਦਾ ਹੈ, ਲੈਣ ਵਾਲੇ ਥੱਕ ਜਾਂਦੇ ਹਨ, ਦਾਤਾਰ ਨਹੀਂ ਥੱਕਦਾ।ਦਾਤਾਰ ਨਾਲ ਸਾਂਝ ਪਾਉਣ ਵਾਲਾ ਮਨੁੱਖ ਵੀ ਦਾਤਾਰ ਹੁੰਦਾ ਹੈ, ਮੰਗਤਾ ਨਹੀਂ ਬਣਦਾ।ਹੱਥੀਂ ਕਿਰਤ ਕਰਕੇ ਵੰਡ ਕੇ ਛਕਦਾ ਹੈ ਅਤੇ ਸਾਰੀ ਪ੍ਰਾਪਤੀ ਨੂੰ ਗੁਰੂ ਦਾ ਪ੍ਰਸਾਦਿ ਮੰਨਦਾ ਹੈ।ਇਸ ਤਰ੍ਹਾਂ ਗੁਰ ਪ੍ਰਸਾਦਿ 'ਜਨ ਪ੍ਰਸਾਦਿ' ਵਿਚ ਕ੍ਰਿਆਸ਼ੀਲ ਅਤੇ ਵਿਕਸਤ ਹੁੰਦਾ ਹੈ।ਮੂਲ ਮੰਤ੍ਰ ਦੀ ਵਿਚਾਰਧਾਰਾ ਤੋਂ ਜਿਸ ਆਦਰਸ਼ ਮਨੁੱਖ ਦਾ ਸੰਕਲਪ ਉਤਪੰਨ ਹੁੰਦਾ ਹੈ, ਉਸ ਨੂੰ ਗੁਰਬਾਣੀ ਵਿਚ ਵਧੇਰੇ ਕਰਕੇ ਗੁਰਮੁਖਿ ਕਿਹਾ ਗਿਆ ਹੈ। ਗੁਰੂ ਨਾਨਕ ਅਨੁਸਾਰ ਸਾਰੀ ਧਰਤੀ ਦੀ ਸਾਜਨਾ ਹੀ ਗੁਰਮੁਖਾਂ ਲਈ ਕੀਤੀ ਗਈ ਹੈ।(ਗੁਰਮੁਖਿ ਧਰਤੀ ਸਾਚੈ ਸਾਜੀ ਪੰ:941) ਗੁਰਮੁਖਾਂ ਦੇ ਸਾਜੇ ਹੋਏ ਸਮਾਜ ਅਤੇ ਰਾਜਸੀ ਬਣਤਰ ਵਿਚ ਰਾਜੇ ਅਤੇ ਰਈਅਤ ਵਿਚਲੀ ਪਾੜ ਮਿਟ ਜਾਂਦੀ ਹੈ। ਇਹ ਹਲੇਮੀ ਸਮਾਜ ਤੇ ਰਾਜ ਦੀ ਸਥਾਪਨਾ ਦਾ ਸੰਕਲਪ ਹੈ, ਜਿਸ ਵਿਚ ਗੁਰੂ ਅਰਜਨ ਦੇਵ ਅਨੁਸਾਰ ਕੋਈ ਸ਼ਕਤੀਵਾਰ ਮਾੜੇ ਨੂੰ ਲੁੱਟਦਾ ਨਹੀਂ, ਸਗੋਂ ਸਾਰਾ ਭਾਈਚਾਰਾ ਸੁਖੀ ਵੱਸਦਾ ਹੈ।ਇਸ ਤਰ੍ਹਾਂ ਮੂਲ਼-ਮੰਤਰ ਦੇ ਆਧਾਰ ਤੇ ਸਮੁੱਚੀ ਗੁਰਮਤਿ ਵਿਚਾਰਧਾਰਾ ਨੇ ਇਕ ਨਵੇਂ ਆਦਰਸ਼ ਮਨੁੱਖ, ਮਾਨਵਵਾਦੀ ਸਮਾਜ ਅਤੇ ਹਲੇਮੀ ਰਾਜ ਦਾ ਸੰਕਲਪ ਦਿੱਤਾ।ੴ ਦਾ ਵਿਸਥਾਰ ਜਪੁ ਅਤੇ ਜਪੁ ਦਾ ਵਿਸਥਾਰ ਗੁਰੂ ਗ੍ਰੰਥ ਸਾਹਿਬ ਜੀ ਹੈ, ਜਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰ ਜਪੁ ਅਤੇ ਜਪੁ ਦਾ ਸਾਰ ੴ ਹੈ।ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ॥ ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥